ਮਾਡਲ ਪ੍ਰਸ਼ਨ ਪੱਤਰ

**ਵਿਸ਼ਾ-ਸਮਾਜ ਸ਼ਾਸਤਰ**

**ਸ਼੍ਰੇਣੀ ਬਾਰ੍ਹਵੀਂ**

(ਸੈਸ਼ਨ**- 2022-23)**

ਸਮਾਂ : 3 ਘੰਟੇ

ਲਿਖਤੀ:80 ਅੰਕ

ਆਂਤਰਿਕ ਮੁਲਾਂਕਣ:20 ਅੰਕ

ਕੁੱਲ :100 ਅੰਕ

ਪ੍ਰਸ਼ਨ ਪੱਤਰ ਦੀਆਂ ਹਦਾਇਤਾਂ:

1. **ਬਹੁਵਿਕਲਪੀ ਪ੍ਰਸ਼ਨ**:- ਪ੍ਰਸ਼ਨ ਨੰ: 1 ਦੇ 20 ਉਪ ਭਾਗ ਹਨ। ਹਰ ਪ੍ਰਸ਼ਨ ਬਹੁ-ਵਿਕਲਪੀ ਹੈ। ਹਰ ਪ੍ਰਸ਼ਨ ਦਾ 1 ਅੰਕ ਨਿਰਧਾਰਿਤ ਹੈ।
2. **ਵਸਤੂਨਿਸ਼ਠ ਪ੍ਰਸ਼ਨ**:- ਪ੍ਰਸ਼ਨ ਨੰ: 2 ਵਸਤੂਨਿਸ਼ਠ ਕਿਸਮ ਦਾ ਹੈ ਇਸ ਪ੍ਰਸ਼ਨ ਦੇ 10 ਉਪ ਭਾਗ ਹੋਣਗੇ। ਹਰ ਪ੍ਰਸ਼ਨ ਦਾ 1 ਅੰਕ ਹੋਵੇਗਾ।
3. **ਛੋਟੇ ਉੱਤਰਾਂ ਵਾਲੇ ਪ੍ਰਸ਼ਨ**:- ਪ੍ਰਸ਼ਨ ਨੰ: 3 ਦੇ 8 ਉਪ ਭਾਗ ਹਨ। ਕੋਈ 5 ਪ੍ਰਸ਼ਨ ਕਰੋ। ਹਰ ਪ੍ਰਸ਼ਨ ਦੇ 3 ਅੰਕ ਹਨ। ਹਰ ਪ੍ਰਸ਼ਨ ਦਾ ਉੱਤਰ 30-35 ਸ਼ਬਦਾਂ ਵਿੱਚ ਦਿਉ।
4. **ਸ੍ਰੋਤ ਅਧਾਰਿਤ ਪ੍ਰਸ਼ਨ**:- ਪ੍ਰਸ਼ਨ ਨੰ: 4 ਪੈਰਾ ਅਧਾਰਿਤ ਪ੍ਰਸ਼ਨ ਹੈ ਜਿਸਦੇ 2 ਉਪ-ਭਾਗ ਹਨ। ਹਰੇਕ ਭਾਗ ਦੇ 5 ਅੰਕ ਹੋਣਗੇ। ਹਰੇਕ ਭਾਗ ਵਿੱਚ 5 ਵਸਤੂਨਿਸ਼ਠ ਪ੍ਰਸ਼ਨ (1-1 ਅੰਕ ਦੇ) ਸ਼ਾਮਿਲ ਹੋਣਗੇ।
5. **ਵੱਡੇ ਉੱਤਰਾਂ ਵਾਲੇ ਪ੍ਰਸ਼ਨ**:- ਪ੍ਰਸ਼ਨ ਨੰ: 5 ਦੇ 7 ਉਪ ਭਾਗ ਹੋਣਗੇ। ਕੋਈ 5 ਪ੍ਰਸ਼ਨ ਕਰੋ। ਹਰ ਪ੍ਰਸ਼ਨ ਦੇ 5 ਅੰਕ ਹੋਣਗੇ। ਹਰ ਪ੍ਰਸ਼ਨ ਦਾ ਉੱਤਰ 50-60 ਸ਼ਬਦਾਂ ਵਿੱਚ ਦਿਉ।

ਭਾਗ-(ੳ) $20 \times 1 = 20$

ਪ੍ਰਸ਼ਨ 1 ਬਹੁਵਿਕਲਪੀ ਪ੍ਰਸ਼ਨ

i. ਨਵੀਂ ਖੇਤੀਬਾੜੀ ਤਕਨੀਕ ਨੇ ਕਿਸਾਨਾਂ ਨੂੰ ਬਣਾਇਆ ਹੈ:

(ੳ) ਪੁਰਸ਼ (ਅ) ਕਿਰਤੀ ਵਰਗ

(ੲ) ਸ੍ਵੈ-ਨਿਰਭਰਤਾ (ਸ) ਉਪਰੋਕਤ ਵਿੱਚੋਂ ਕੋਈ ਨਹੀਂ

ii. ਬੇਘਰ ਹੋਣ ਦਾ ਕਾਰਨ?

(ੳ) ਮਕਾਨਾਂ ਦੀ ਕਮੀ (ਅ) ਆਤਮ ਨਿਰਭਰ

(ੲ) ਵਿਕਾਸ (ਸ) ਮੰਡੀ ਦੁਆਰਾ ਪ੍ਰਭਾਵ



Downloaded from cclchapter.com

iii. ਟ੍ਰਾਂਸ ਜੈਂਡਰ ਸ਼ਬਦ ਦਾ ਕੀ ਅਰਥ ਹੈ?

(ੳ) ਪੁਰਸ਼ (ਅ) ਇਸਤਰੀ

(ੲ) ਲਿੰਗ ਵਰਗ (ਸ) ਕੋਈ ਨਹੀਂ

iv. ਪੇਂਡੂ ਸਮਾਜ ਵਿੱਚ ਸਮਾਜਿਕ ਸਮੂਹ ਕਿਹੜੇ ਦੋ ਭਾਗਾਂ ਵਿੱਚ ਵੰਡੇ ਹੁੰਦੇ ਹਨ।

(ੳ) ਮਾਲਕ ਤੇ ਮਜ਼ਦੂਰ (ਅ) ਸੋਸ਼ਕ ਤੇ ਸ਼ੋਸ਼ਿਤ

(ੲ) ਉੱਚ ਸ਼੍ਰੇਣੀ ਤੇ ਨੀਵੀ ਸ਼੍ਰੇਣੀ (ਸ) ਪੂੰਜੀ ਵਾਦੀ ਤੇ ਮਜ਼ਦੂਰ

v. ਕਿਸ ਕਾਨੂੰਨ ਅਧੀਨ ਲੜਕੀ ਨੂੰ ਆਪਣੇ ਮਾਤਾ-ਪਿਤਾ ਦੀ ਜਾਇਦਾਦ ਵਿੱਚ ਬਰਾਬਰ ਹੱਕ ਹੈ?

(ੳ) ਕਾਨੂੰਨੀ ਜਾਇਦਾਦ (ਅ) ਹਿੰਦੂ ਜਾਇਦਾਦ ਅਧਿਨਿਯਮ

(ੲ) ਨਾਗਰਿਕ ਅਧਿਨਿਯਮ (ਸ) ਦੈਵਿਕ ਅਧਿਨਿਯਮ

vi. ਸਵੈਮਾਣ ਅੰਦੋਲਨ ਕਿਸ ਨੇ ਸ਼ੁਰੂ ਕੀਤਾ?

(ੳ) ਪੈਰਿ.ਆਰ ਈ. ਵੀ. ਰਾਮਾ ਸੁਆਮੀ (ਅ) ਡਾ. ਅੰਬੇਦਕਰ

(ੲ) ਸ਼੍ਰੀ ਨਰਾਇਣ ਗੁਰੂ (ਸ) ਕੋਈ ਨਹੀਂ

vii. ਪਿੰਡਾ ਤੋਂ ਸ਼ਹਿਰਾਂ ਵੱਲੋਂ ਲੋਕਾਂ ਦੇ ਪ੍ਰਸਥਾਨ ਦੀ ਪ੍ਰਕਿਰਿਆਂ ਨੂੰ ਕੀ ਆਖਦੇ ਹਨ?

(ੳ) ਸ਼ਹਿਰੀ ਸਮਾਜ (ਅ) ਪੇਂਡੂ ਸਮਾਜ

(ੲ) ਸ਼ਹਿਰੀਵਾਦ (ਸ) ਸ਼ਹਿਰੀਕਰਨ

viii. ਸ਼ਰਾਬਖੋਰੀ ਕਿਸ ਤਰ੍ਹਾਂ ਦੀਆਂ ਸਮੱਸਿਆਂਵਾਂ ਨਾਲ ਸੰਬੰਧਿਤ ਹੈ?

(ੳ) ਸਮਾਜਿਕ ਸਮੱਸਿਆਵਾਂ (ਅ) ਆਰਥਿਕ ਸਮੱਸਿਆਵਾਂ

(ੲ) ਸਿਹਤ ਸਮੱਸਿਆਵਾਂ (ਸ) ਉਪਰੋਕਤ ਸਾਰੀਆਂ

ix. ਨਿਮਨਲਿਖਤ ਪੱਧਰ ਸ਼ਰਾਬਖ਼ੋਰੀ ਦੀ ਅਵਸਥਾ ਨਹੀਂ ਹੈ?

(ੳ) ਫ਼ਜ਼ੂਲ ਖਰਚ ਹੋਣਾ (ਅ) ਬਹੁਤ ਘੱਟ ਪੀਣ ਵਾਲੇ

(ੲ) ਕਦੀ ਕਦੀ ਪੀਣ ਵਾਲੇ (ਸ) ਵਾਰ-ਵਾਰ ਪੀਣ ਵਾਲੀ ਅਵਸਥਾ

x. ਨਵੀਂ ਖੇਤੀਬਾੜੀ ਤਕਨੀਕ ਨੇ ਕਿਸਾਨਾਂ ਨੂੰ ਕੀ ਬਣਾਇਆ ਹੈ?

(ੳ) ਮੰਡੀ ਅਧਾਰਿਤ (ਅ) ਕਿਰਤੀ ਵਰਗ

(ੲ) ਸ੍ਵੈ-ਨਿਰਭਰਤਾ (ਸ) ਉਪਰੋਕਤ ਵਿੱਚੋਂ ਕੋਈ ਨਹੀਂ



Downloaded from cclchapter.com

xi. ਹੇਠ ਲਿਖਿਆਂ ਵਿੱਚੋਂ ਕਿਹੜੇ ਉਤਪਾਦਨ ਦੇ ਸਾਧਨਾਂ ਦਾ ਸੰਗ੍ਰਹਿ ਹਨ:

(ੳ) ਜਮੀਨ (ਅ) ਸਭਿਆਚਾਰ

(ੲ) ਕਾਮੇ (ਸ) ਪੂੰਜੀ

xii. ਕਿਹੜਾ ਟੈਸਟ ਕੰਨਿਆ ਭਰੂਣ ਹੱਤਿਆ ਦੀ ਜਾਂਚ ਨਾਲ ਸੰਬੰਧਿਤ ਹੈ?

(ੳ) ਅਲਟਰਾ ਸਾਊਂਡ (ਅ) ਐਮ. ਆਰ. ਆਈ ਟੈਸਟ

(ੲ) ਐਕਸਰੇ (ਸ) ਭਾਰ ਤੋਲਣ ਵਾਲੀ ਮਸ਼ੀਨ

xiii. ਸੱਤਿਆ ਸ਼ੋਧਕ ਅੰਦੋਲਨ ਦੇ ਪ੍ਰਤਿਨਿਧੀ ਕੌਣ ਸਨ?

(ੳ) ਜੋਤੀਰਾਊ ਫੂਲੇ (ਅ) ਡਾ. ਅੰਬੇਦਕਰ

(ੲ) ਈਸ਼ਵਰ ਚੰਦਰ ਵਿਦਿਆਸਾਗਰ (ਸ) ਸ਼੍ਰੀ ਨਰਾਇਣ ਗੁਰੂ

xiv. ਜਜਮਾਨੀ ਪ੍ਰਬੰਧ ਕਿਨ੍ਹਾਂ ਦੀ ਕਰਜ਼ਦਾਰੀ ਉੱਤੇ ਅਧਾਰਿਤ ਹੈ?

(ੳ) ਜਜਮਾਨ (ਅ) ਕਾਮੀ

(ੲ) ਜਜਮਾਨ ਤੇ ਕਾਮੀ (ਸ) ਹਮਜਿਨਸੀ

xv. 'ਆਪਣੇ ਆਪ ਵਿੱਚ ਵਰਗ' ਅਤੇ 'ਆਪਣੇ ਆਪ ਲਈ ਵਰਗ' ਦੀ ਧਾਰਨਾ ਕਿਸ ਨੇ ਦਿੱਤੀ।

(ੳ) ਮਾਰਕਸ (ਅ) ਵੈਬਰ

(ੲ) ਸੋਰੋਕਿਨ (ਸ) ਕੋਈ ਵੀ ਨਹੀਂ

xvi. ਕਿਹੜਾ ਕਾਰਨ ਘਰੇਲੂ ਹਿੰਸਾ ਲਈ ਦੋਸ਼ੀ ਨਹੀਂ ਹੈ?

(ੳ) ਸੱਭਿਆਚਾਰਿਕ (ਅ) ਆਰਥਿਕ

(ੲ) ਸਮਾਜਿਕ (ਸ) ਬਾਲ-ਮਨੋਵਿਗਿਆਨ

xvii. ਪਰਿਵਾਰ ਵਿੱਚ ਨੌਜਵਾਨਾਂ ਦੁਆਰਾ ਬਿਰਧ ਵਿਅਕਤੀਆਂ ਨੂੰ ਸੱਤਾ ਦੇਣ ਤੇ ਸਮਾਜ ਵਿੱਚ ਕੀ ਸਥਿਤੀ ਪੈਦਾ ਹੁੰਦੀ ਹੈ?

(ੳ) ਪਿਆਰ (ਅ) ਤਣਾਅ

(ੲ) ਬੋਝ (ੲ) ਸੰਘਰਸ਼

xviii. ਲਿੰਗ ਅਨੁਪਾਤ ਤੋਂ ਕੀ ਭਾਵ ਹੈ



Downloaded from cclchapter.com

(ੳ) 1●●● ਪੁਰਸ਼ਾਂ ਪਿਛੋ ਇਸਤਰੀਆਂ ਦੀ ਸੰਖਿਆ

(ਅ) 1●●● ਇਸਤਰੀਆਂ ਪਿੱਛੋ ਪੁਰਸ਼ਾਂ ਦੀ ਸੰਖਿਆ

(ੲ) 1●●● ਇਸਤਰੀਆਂ ਪਿੱਛੋਂ ਬੱਚਿਆਂ ਦੀ ਸੰਖਿਆ

(ਸ) ਇਸਤਰੀ ਐਤ ਪੁਰਸ਼ਾਂ ਦੀ ਸੰਖਿਆ

xix. ਵਿਲੱਖਣ ਸਮਰੱਥਾ ਵਾਲੇ ਵਿਅਕਤੀਆਂ ਦੇ ਅਧਿਕਾਰਾਂ ਨੂੰ ਸਰਵ-ਸ੍ਰੇਸ਼ਟ ਰੂਪ ਵਿੱਚ ਕਿਸ ਦੁਆਰਾ ਪ੍ਰੋਤਸਾਹਿਤ ਕੀਤਾ ਜਾਂਦਾ ਹੈ।

(ੳ) ਪਰਿਵਾਰ ਅਤੇ ਮਿੱਤਰ ਸਮੂਹ ਦੁਆਰਾ

(ਅ) ਵਿਵਸਥਿਤ ਰਾਜਨੀਤਿਕ ਨੀਤੀਆਂ ਦੁਆਰਾ

(ੲ) ਅਸਮਰੱਥ ਵਿਅਕਤੀਆਂ ਦੁਆਰਾ

(ਸ) ਸਮਾਜਿਕ ਅਤੇ ਰਾਜ ਨਿਰਮਾਣ ਦੁਆਰਾ

xx. ਵਧਦੇ ਉਦਯੋਗੀਕਰਨ ਤੇ ਵਾਤਾਵਰਨ ਪ੍ਰਦੂਸ਼ਣ ਨੂੰ ਵਧਾਇਆ ਹੈ ਜਿਵੇਂ:

(ੳ) ਜ਼ਮੀਨ ਦਾ ਵਿਘਟਨ　　(ਅ) ਭਾਈ ਭਤੀਜਾਵਾਦ

(ੲ) ਵਧੇਰੇ ਜਨਸੰਖਿਆ　　(ੲ) ਜਾਤੀ ਪ੍ਰਥਾ

**ਭਾਗ-(ਅ)** $10 \times 1 = 10$

**ਖਾਲੀ ਥਾਵਾਂ ਭਰੋ:-**

1) SEWA (ਅੰਦੋਲਨ) ਸ਼ਬਦ ਦਾ ਪੂਰਨ ਰੂਪ ......................ਹੈ।
2) ਭਾਰਤ ਵਿੱਚ ਛੁਤਛਾਤ ਦੀ ਸਮੱਸਿਆ ....................ਵਿਵਸਥਾ ਕਾਰਨ ਹੈ?
3) ਸ਼ਹਿਰੀ ਸਮੁਦਾਇ ................ਕਿਰਤ ਦੀ ਵੰਡ ਲਈ ਜਾਨਿਆ ਜਾਂਦਾ ਹੈ।
4) ..............ਕੰਨਿਆ ਭਰੂਣ ਹੱਤਿਆ ਲਈ ਇੱਕ ਜਿੰਮੇਵਾਰ ਕਾਰਨ ਹਨ।
5) ਵਰਗ ਪ੍ਰਨਾਲੀ ਰੁਤਬੇ ਵਿੱਚ .................. ਹੈ।

**ਸਹੀ ਜਾਂ ਗ਼ਲਤ ਤੇ ਨਿਸ਼ਾਨ ਲਗਾਉ**

6) ਸੱਤਿਆ ਸ਼ੋਧਕ ਅੰਦੋਲਨ ਜੋਤੀਰਾਓ ਫੂਲੇ ਦੁਆਰਾ ਸਥਾਪਿਤ ਕੀਤਾ ਗਿਆ।
7) ਸਮਾਜਿਕ ਗਤੀਸ਼ੀਲਤਾ ਦੇ ਮੌਕੇ ਸਮਾਜ ਵਿੱਚ ਘੱਟ ਹੁੰਦੇ ਹਨ।
8) ਬਿਰਧ ਲੋਕ ਬਿਰਧ-ਅਵਸਥਾ ਨੂੰ ਵਿੱਤੀ ਅਸੁਰੱਖਿਅਤਾ ਸਬੰਧੀ ਬੋਝ ਸਮਝਦੇ ਹਨ।
9) ਉਦਾਰਵਾਦੀ ਇਸਤਰੀਵਾਦ ਵਿਸ਼ਵਾਸ ਰੱਖਦਾ ਹੈ ਕਿ ਸਭ ਵਿਅਕਤੀ ਸਮਾਨ ਅਤੇ ਮਹੱਤਵਪੂਰਨ ਹਨ।
1●) ਪੇਂਡੂ ਕਰਜ਼ਦਾਰੀ ਸਾਡੇ ਕਮਜੋਰ ਆਰਥਿਕ ਢਾਂਚੇ ਦਾ ਸੂਚਕ ਹੈ।



Downloaded from cclchapter.com

ਭਾਗ-(ੲ) $5 \times 3 = 15$

1) ਸੰਯੁਕਤ ਪਰਿਵਾਰ ਕਿਸ ਨੂੰ ਆਖਦੇ ਹਨ?
2) ਸ਼ਹਿਰੀ ਸਮਾਜ ਤੋਂ ਤੁਸੀਂ ਕੀ ਸਮਝਦੇ ਹੋ?
3) ਵਰਗ ਦੀਆਂ ਦੋ ਪ੍ਰਮੁੱਖ ਵਿਸ਼ੇਸ਼ਤਾਵਾਂ ਦੱਸੋ।
4) ਪਿੱਤਰ ਪ੍ਰਧਾਨਤਾ ਕੀ ਹੈ?
5) ਘਰੇਲੂ ਹਿੰਸਾ ਦੇ ਦੋ ਕਾਰਨ ਦੱਸੋ?
6) ਸਿੱਖਣ ਦੀ ਅਸਮਰੱਥਤਾ ਕੀ ਹੈ?
7) ਇਸਤਰੀ ਅੰਦੋਲਨ ਦਾ ਵਰਣਨ ਕਰੋ।
8) ਸ਼ਰਾਬਖੋਰੀ ਤੋਂ ਤੁਸ਼ੀ ਕੀ ਸਮਝਦੇ ਹੋ?

ਭਾਗ-(ਸ) $5 \times 2 = 10$

(i) ਕਈ ਦਹਾਕੇ ਪਹਿਲਾਂ ਸ਼ਰਾਬ ਦਾ ਸੇਵਨ ਇੱਕ ਨੈਤਿਕ ਸਮੱਸਿਆ ਸੀ ਪਰ ਅੱਜ ਇਹ ਸਮਾਜਿਕ ਸਮੱਸਿਆ ਬਣ ਚੁੱਕੀ ਹੈ। ਸ਼ਰਾਬ ਨੂੰ ਕਿਸੇ ਵਿਅਕਤੀ ਦੇ ਤਣਾਅ ਤੇ ਕਾਬੂ ਰੱਖਣ ਲਈ ਇੱਕ ਕਿਸਮ ਦੀ ਦਵਾਈ ਮੰਨਿਆ ਜਾਂਦਾ ਹੈ। ਸ਼ੁਰੂ-ਸ਼ੁਰੂ ਵਿੱਚ ਸ਼ਰਾਬ ਦਾ ਸੇਵਨ ਕਰਨ ਵਾਲਾ ਇਸ ਨੂੰ ਤਣਾਅ ਘਟਾਉਣ ਦਾ ਸਾਧਨ ਮੰਨਦਾ ਹੈ। ਪਰ ਹੌਲ਼ੀ-ਹੌਲ਼ੀ ਇਹ ਉਸ ਦੀ ਆਦਤ ਬਣ ਜਾਂਦੀ ਹੈ। ਇਸ ਅਵਸਥਾ ਵਿੱਚ ਇਹ ਕੇਵਲ ਸਮਾਜਿਕ ਸਮੱਸਿਆ ਹੀ ਨਹੀਂ ਰਹਿੰਦੀ ਬਲਕਿ ਇੱਕ ਗੰਭੀਰ ਮਨੋਵਿਗਿਆਨਿਕ ਅਤੇ ਸਰੀਰਿਕ ਸਮੱਸਿਆ ਬਣ ਜਾਂਦੀ ਹੈ। ਦੂਜੇ ਸ਼ਬਦਾਂ ਵਿੱਚ, ਕਦੇ ਕਦੇ ਸ਼ਰਾਬ ਪੀਣ ਤੇ ਆਦਤ ਬਣਨ ਜਾਂ ਪਿਅਕੜ ਹੋਣ ਦੀ ਸੰਭਾਵਨਾ ਬਣ ਸਕਦੀ ਹੈ। ਪਰ ਬਾਅਦ ਵਿੱਚ ਜਿਆਦਾ ਪੀਣ ਤੇ ਸਰੀਰਿਕ ਜਾ ਸਮਾਜਿਕ ਬੁਰੇ ਪ੍ਰਭਾਵ ਹੁੰਦੇ ਹਨ।

1. ਸ਼ਰਾਬ ਖੋਰੀ ਇੱਕ .............ਸਮੱਸਿਆ ਹੈ।

(ੳ) ਨੈਤਿਕ (ਅ) ਸਮਾਜਿਕ

(ੲ) ਆਰਥਿਕ (ਸ) ਰਾਜਨੀਤਿਕ

2. ਹੌਲੀ-ਹੌਲੀ ਸ਼ਰਾਬ ਦਾ ਸੇਵਨ ਵਿਅਕਤੀ ਨੂੰ ..........ਬਣਾਉਂਦਾ ਹੈ।

(ੳ) ਆਦੀ (ਅ) ਆਰਾਮਦਾਇਕ

(ੲ) ਦੋਵੇਂ (ਸ) ਉਪਰੋਕਤ ਵਿੱਚੋਂ ਕੋਈ ਨਹੀਂ

3. ਸ਼ਰਾਬਖੋਰੀ ਦਾ ਵਾਰ-ਵਾਰ ਸੇਵਨ ਵਿਅਕਤੀ ਉੱਤੇ ਨਾਕਾਰਾਤਮਕ ਪ੍ਰਭਾਵ ਪਾਉਂਦਾ ਹੈ ਜਿਸਦੇ ਅਰਥ ਆਉਂਦੇ ਹਨ:

(ੳ) ਮਨੋਵਿਗਿਆਨਿਕ (ਅ) ਸਰੀਰਿਕ

(ੲ) ਦੋਵੇਂ (ਸ) ਉੱਪਰੋ ਕੋਈ ਨਹੀਂ

4. ਸ਼ਰਾਬ ਦੇ ਸੇਵਨ ਦਾ ਕਾਰਨ:


Downloaded from cclchapter.com

(ੳ) ਚੰਗਾ ਮਹਿਸੂਸ ਕਰਨਾ (ਅ) ਮੌਜ ਮਸਤੀ ਲਈ

(ੲ) ਤਨਾਅ ਘੱਟ ਕਰਨ ਲਈ (ਸ) ਉਪਰੋਕਤ ਸਾਰੇ

5. ਕਈ ਦਹਾਕੇ ਪਹਿਲਾ ਸ਼ਰਾਬ ਇੱਕ............. ਸਮੱਸਿਆ ਸੀ।

(ੳ) ਰਾਜਨੀਤਿਕ (ਅ) ਧਾਰਮਿਕ

(ੲ) ਵਾਤਾਵਰਨ ਸਬੰਧੀ (ਸ) ਉੱਪਰ ਕੋਈ ਨਹੀਂ

(ii) ਭਾਰਤ ਵਿੱਚ ਹਰੀ ਕ੍ਰਾਂਤੀ ਦਾ ਉਹ ਸਮਾ ਸੀ ਜਦੋਂ ਖੇਤੀ ਸੰਬੰਧੀ ਨਵੀਆਂ ਕਿਸਮਾਂ ਅਤੇ ਖੇਤਾਂ ਵਿੱਚ ਵੱਧ ਝਾੜ ਦੀਆਂ ਨਵੀਆਂ ਤਕਨੀਕਾਂ ਕਾਰਨ ਖੇਤੀ ਦੀ ਪੈਦਾਵਾਰ ਵਿੱਚ ਵਾਧਾ ਹੋਇਆ। ਇਹ ਮੁੱਖ ਤੌਰ ਤੇ ਨਵੇਂ ਪੌਦੇ ਰਸਾਇਣਿਕ ਖਾਦ ਦੀ ਵਰਤੋਂ, ਖੇਤੀ ਦਾ ਮਸ਼ੀਨੀਕਰਨ, ਪਾਣੀ ਦੀ ਯੋਗ ਵਿਵਸਥਾ, ਕੀਟ ਨਾਸ਼ਕ ਦਵਾਈਆਂ ਦੀ ਵਰਤੋਂ ਨਾਲ਼ ਸੰਬੰਧਿਤ ਹੈ। ਪ੍ਰੋਫੈਸਰ ਐਸ. ਐਨ. ਸਵਾਮੀਨਾਥਨ ਨੂੰ ਭਾਰਤੀ ਹਰੀ ਕ੍ਰਾਂਤੀ ਦਾ ਮੋਢੀ ਮੰਨਿਆ ਗਿਆ ਹੈ। ਹਰੀ ਕ੍ਰਾਂਤੀ ਦੀ ਸ਼ੁਰੂਆਤ 1960 ਦੇ ਦਹਾਕੇ ਵਿੱਚ ਭਾਰਤ ਵਿੱਚ ਭੋਜਨ ਉਤਪਾਦਨ ਨੂੰ ਵਧਾਉਣ ਦੇ ਮੰਤਵ ਨਾਲ਼, ਫ਼ਸਲਾਂ ਦੀਆਂ ਉੱਚ ਪੈਦਾਵਾਰ ਵਾਲ਼ੀਆਂ ਕਿਸਮਾਂ ਅਤੇ ਆਧੁਨਿਕ ਖੇਤੀਬਾੜੀ ਤਕਨੀਕਾਂ ਦੀ ਵਰਤੋਂ ਨਾਲ਼ ਹੋਈ। 1960-61 ਵਿੱਚ ਭਾਰਤ ਦੀ ਰਵਾਇਤੀ ਖੇਤੀ ਨੂੰ ਆਧੁਨਿਕ ਤਕਨੀਕ ਅਤੇ ਖੇਤਾਂ ਵਿੱਚ ਕੰਮ ਕਰਨ ਦੀ ਪ੍ਰਕਿਰਿਆ ਨਾਲ਼ ਬਦਲਿਆ ਗਿਆ ਜਿਸ ਨਾਲ਼ ਭਾਰਤ ਵਿੱਚ ਹਰੀ ਕ੍ਰਾਂਤੀ ਦੀ ਸ਼ੁਰੂਆਤ ਹੋਈ। ਸ਼ੁਰੂ ' 1960-61 ਵਿੱਚ ਸੱਤ ਜ਼ਿਲ੍ਹਿਆਂ ਵਿੱਚ ਇਸ ਵਿਸ਼ੇਸ਼ ਪ੍ਰੋਜੈਕਟ ਨੂੰ ਲਾਗੂ ਕੀਤਾ ਗਿਆ। ਜਿਸ ਨੂੰ ਇੰਨਟੈਨਸਿਵ ਐਗਰੀਕਲਚਰ ਡਿਸਟ੍ਰਕ ਪ੍ਰੋਗਰਾਮ (ਆਈ. ਏ. ਡੀ. ਪੀ. ) ਦਾ ਨਾਂ ਦਿੱਤਾ ਗਿਆ।

1. ਖੇਤੀ ਦੀ ਪੈਦਾਵਾਰ ਵਿੱਚ ਵਾਧਾ ਕਿਸ ਕਾਰਨ ਹੋਇਆ?
2. ਹਰੀ ਕ੍ਰਾਂਤੀ ਦਾ ਮੋਢੀ ਕਿਸ ਨੂੰ ਮੰਨਿਆ ਗਿਆ ਹੈ?
3. ਹਰੀ ਕ੍ਰਾਂਤੀ ਦੀ ਸ਼ੁਰੂਆਤ ਕਦੋਂ ਹੋਈ?
4. ਹਰੀ ਕ੍ਰਾਂਤੀ ਦੀ ਸ਼ੁਰੂਆਤ ਕਿਸ ਮੰਤਵ ਨਾਲ਼ ਕੀਤੀ ਗਈ?
5. ਵਿਸ਼ੇਸ਼ ਪ੍ਰੋਜੈਕਟ ਨੂੰ ਕਦੋਂ ਤੇ ਕਿਨ੍ਹੇ ਜਿਲ੍ਹਿਆਂ ਵਿੱਚ ਲਾਗੂ ਕੀਤਾ ਗਿਆ?

## ਭਾਗ-(ਹ) $5 \times 5 = 25$

1) ਸਮਾਜਿਕ ਅੰਦੋਲਨ ਅਤੇ ਇਸਦੀਆਂ ਵਿਸ਼ੇਸ਼ਤਾਵਾਂ ਉੱਪਰ ਨੋਟ ਲਿਖੋ।
2) ਭਾਰਤੀ ਸਮਾਜ ਵਿੱਚ ਬਿਰਧ ਲੋਕਾਂ ਦੁਆਰਾ ਸਾਹਮਣਾ ਕੀਤੀਆਂ ਜਾ ਰਹੀਆਂ ਸਮੱਸਿਆਵਾਂ ਦਾ ਵਰਨਣ ਕਰੋ।
3) ਪੇਂਡੂ ਸ਼ਮਾਜ ਤੋਂ ਤੁਹਾਡਾ ਕੀ ਭਾਵ ਹੈ, ਇਸ ਦੀਆਂ ਵਿਸ਼ੇਸ਼ਤਾਵਾਂ ਨੂੰ ਵਿਸਤਾਰ ਵਿੱਚ ਲਿਖੋ।
4) ਮਾਰਕਸ ਦੇ ਵਰਗ ਸਿਧਾਂਤ ਨੂੰ ਵਿਸਥਾਰ ਵਿੱਚ ਸਮਝਾਓ।
5) ਕੰਨਿਆ ਭਰੂਣ ਹੱਤਿਆ ਤੋਂ ਤੁਸੀਂ ਕੀ ਸਮਝਦੇ ਹੋ? ਇਸ ਦੇ ਕਾਰਨ ਅਤੇ ਨਤੀਜੇ ਵਿਸਥਾਰ ਨਾਲ ਲਿਖੋ।
6) ਝੁੱਗੀ-ਝੋਪੜੀ ਬਸਤੀ ਕਿਸ ਨੂੰ ਕਹਿੰਦੇ ਹਨ? ਘਰਾਂ ਦੀ ਸਮੱਸਿਆ ਦੇ ਤਿੰਨ ਪ੍ਰਮੁੱਖ ਕਾਰਨ ਕਿਹੜੇ ਹਨ?



Downloaded from cclchapter.com

7) ਨਸ਼ਾਖੋਰੀ ਲਈ ਜਿੰਮੇਵਾਰ ਕਾਰਨਾਂ ਤੇ ਵਿਸਥਾਰ ਨੋਟ ਲਿਖੋ।


Downloaded from cclchapter.com